**(ਫਿਰੋਜਪੁਰ ਪੁਲਿਸ)**

ਜਿਲਾ ਪੁਲਿਸ ਫਿਰੋਜਪੁਰ ਵੱਲੋਂ 116 ਬਟਾਲਿਅਨ ਬੀ.ਐਸ.ਐਫ. ਦੀ ਟੀਮ ਨਾਲ ਸਾਂਝੇ ਆਪਰੇਸ਼ਨ ਦੋਰਾਨ ਮਿਲ ਕੇ ਮਾੜੇ ਅਨਸਰਾਂ ਖਿਲਾਫ ਜਾਰੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕਰਦਿਆਂ 02 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ।

ਫਿਰੋਜਪੁਰ: 17 ਸਤੰਬਰ 2023

**ਸ਼੍ਰੀ ਦੀਪਕ ਹਿਲੌਰੀ, ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਿਸ,ਫਿਰੋਜਪੁਰ ਜੀ** ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾ ਰਹੀ ਹੈ।ਇਸ ਸੰਬਧੀ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨ:) ਫਿਰੋਜਪੁਰ ਦੀ ਨਿਗਰਾਨੀ ਹੇਠ ਇੰਸਪੈਕਟਰ ਅਭਿਨਵ ਚੌਹਾਨ ਮੁੱਖ ਅਫਸਰ ਥਾਣਾਂ ਸਦਰ ਫਿਰੋਜਪੁਰ ਪਾਸ ਪਿੰਡ ਗੱਟੀ ਰਾਜੋ ਕੇ ਵਿਖੇ ਡਰੋਨ ਆਉਣ ਸਬੰਧੀ ਸੂਚਣਾ ਪ੍ਰਾਪਤ ਹੋਈ ਸੀ ਜਿਸ ਤੇ ਸ:ਥ: ਵਿਨੋਦ ਕੁਮਾਰ ਇੰਚਾਰਜ ਚੌਂਕੀ ਬਾਰੇ ਕੇ ਸਮੇਤ ਪੁਲਿਸ ਪਾਰਟੀ 116 ਬਟਾਲਿਅਨ ਬੀ.ਐਸ.ਐਫ. ਪਿੰਡ ਗੱਟੀ ਰਾਜੋ ਕੇ ਸਾਂਝੇ ਆਪਰੇਸ਼ਨ ਦੋਰਾਨ 02 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ ਦੋਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਕਿ ਇਹ ਹੈਰੋਇਨ ਜਗਦੀਸ਼ ਸ਼ਿੰਘ ਪੁੱਤਰ ਦਵਿੰਦਰ ਸਿੰਘ , ਬੂਟਾ ਪੁੱਤਰ ਮੂਨਸ਼ਾਂ ਸਿੰਘ ਅਤੇ ਬਿਟੂ ਪੁੱਤਰ ਕੁਲਤਾਰ ਸਿੰਘ ਵਾਸੀਆਨ ਗੱਟੀ ਰਾਜੋ ਦੇ ਵੱਲੋ ਮੰਗਵਾਈ ਹੈ ਜਿਸ ਤੇ ਇਹਨਾਂ ਦੋਸ਼ੀਆਂ ਖਿਲਾਫ ਮੁਕਦਮਾ ਨੰਬਰ 163 ਮਿਤੀ 17-9-2023 ਅ/ਧ 21/23/61/85 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਫਿਰੋਜਪੁਰ ਦਰਜ ਕੀਤਾ ਗਿਆ । ਦੋਸ਼ੀਆਂ ਦੀ ਗਿਰਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਜਿਹਨਾਂ ਨੂੰ ਜਲਦ ਤੋਂ ਜਲਦ ਗਿਰਫਤਾਰ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਚ ਲਿਆਂਦੀ ਜਾਵੇਗੀ।

ਮੁਕਦਮਾਂ ਨੰਬਰ 163 ਮਿਤੀ 17-9-2023 ਅ/ਧ 21/23/61/85 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਫਿਰੋਜਪੁਰ

ਦੋਸ਼ੀ ਦਾ ਨਾਮ:- ਜਗਦੀਸ਼ ਸ਼ਿੰਘ ਪੁੱਤਰ ਦਵਿੰਦਰ ਸਿੰਘ ਉਮਰ(24 ਸਾਲ) , ਬੂਟਾ ਪੁੱਤਰ ਮੂਨਸ਼ਾਂ ਸਿੰਘ ਅਤੇ ਬਿਟੂ ਪੁੱਤਰ ਕੁਲਤਾਰ ਸਿੰਘ ਵਾਸੀਆਨ ਗੱਟੀ ਰਾਜੋ

ਬਰਾਮਦਗੀ:- 02 ਕਿਲੋਗ੍ਰਾਮ ਹੈਰੋਇਨ

**ਪੜਤਾਲ ਰਿਪੋਟ ਤੇ ਜਗਦੀਸ਼ ਸਿੰਘ ਪੁੱਤਰ ਸ਼ਿੰਦਰ ਸ਼ਿੰਘ ਵਾਸੀਆਨ ਗੱਟੀ ਰਾਜ ਤੇ ਹੇਠ ਲਿਖੇ ਮੁੱਕਦਮੇ ਦਰਜ ਹਨ।**

ਮੁੱਕਦਮਾ ਨੰਬਰ :- 231 ਮਿਤੀ 08-10-2022 ਅ/ਧ 25/28/29/30/188 ਥਾਣਾ ਸਦਰ ਫਿਰੋਜਪੁਰ

ਮੁੱਕਦਮਾ ਨੰਬਰ :- 03 ਮਿਤੀ 08-01-2020 ਅ/ਧ 21 ਐਨ ਡੀ.ਪੀ.ਐਸ ਐਕਟ , ਲੱਖੋ ਕੇ ਬਹਿਰਾਮ

ਮੁੱਕਦਮਾ ਨੰਬਰ :- 262 ਮਿਤੀ 05-12-2019 ਅ/ਧ 21 ਐਨ ਡੀ.ਪੀ.ਐਸ ਐਕਟ , 25/54/59 ਆਰਮਸ ਐਕਟ ਥਾਣਾ ਸ਼ਾਹਕੋਟ , 1100 ਗ੍ਰਾਮ ਹੈਰੋਇਨ 315 ਬੋਰ 03 ਜਿੰਦਾ ਰੌਂਦ